# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 03 ਜੁਲਾਈ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿੱਚ ਉੱਘੇ ਗੀਤਕਾਰ ਰਾਜ ਕਾਕੜਾ ਦੀ ਪੁਸਤਕ 'ਪੈਂਡਾ' ਦਾ ਸ਼ਾਨਦਾਰ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਜੁਲਾਈ : ਪੰਜਾਬੀ ਗੀਤਕਾਰੀ ਦੇ ਪ੍ਰਸਿੱਧ ਨਹਸਤਾਖਰ ਰਾਜ ਕਾਕੜਾ ਦੀ ਨਵੀਂ ਪੁਸਤਕ 'ਪੈਂਡਾ' ਦਾ ਲੋਕ ਅਰਪਣ ਸਰੀ ਦੇ ਸ਼ਾਹੀ ਕੇਟਰਿੰਗ ਹਾਲ ਵਿੱਚ ਬਹੁਤ ਹੀ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੀਤਾ ਗਿਆ। ਸਾਹਿਤ, ਸੰਗੀਤ ਅਤੇ ਸਮਾਜਿਕ ਖੇਤਰ ਨਾਲ ਜੁੜੀਆਂ ਨਾਮਵਰ ਸ਼ਖ਼ਸੀਅਤਾਂ ਦੀ ਹਾਜ਼ਰੀ ਨੇ ਇਸ ਸਮਾਗਮ ਨੂੰ ਇੱਕ ਵਿਲੱਖਣ ਸਾਹਿਤਕ ਮੇਲੇ ਦਾ ਰੂਪ ਦੇ ਦਿੱਤਾ। ਵੱਡੀ ਗਿਣਤੀ ਵਿੱਚ ਪਹੁੰਚੇ ਸਾਹਿਤ ਪ੍ਰੇਮੀਆਂ, ਕਲਾਕਾਰਾਂ, ਬੁੱਧੀਜੀਵੀਆਂ, ਸਿਆਸੀ ਆਗੂਆਂ ਅਤੇ ਰਾਜ ਕਾਕੜਾ ਦੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਨਵੀਂ ਪੁਸਤਕ ਲਈ ਦਿਲੋਂ ਵਧਾਈਆਂ ਦਿੱਤੀਆਂ।



ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਅਤੇ ਵਿਧਾਇਕ ਮਨਦੀਪ ਸਿੰਘ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਪੁਸਤਕ ਦਾ ਲੋਕ ਅਰਪਣ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਜੀਵੰਤ ਰੱਖਣ ਲਈ ਅਜਿਹੇ ਸਾਹਿਤਕ ਉਪਰਾਲੇ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਨੇ ਰਾਜ ਕਾਕੜਾ ਦੀ ਸਾਹਿਤਕ ਅਤੇ ਗੀਤਕਾਰੀ ਯਾਤਰਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਲਿਖਤ ਸਮਾਜ ਦੇ ਹਾਸ਼ੀਏ 'ਤੇ ਖੜ੍ਹੇ ਆਮ ਇਨਸਾਨ ਦੀ ਆਵਾਜ਼ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ 'ਪੈਂਡਾ' ਸਿਰਫ਼ ਇੱਕ ਪੁਸਤਕ ਨਹੀਂ, ਸਗੋਂ ਮਨੁੱਖੀ ਜੀਵਨ ਦੇ ਉਤਾਰ-ਚੜ੍ਹਾਵਾਂ, ਸੰਘਰਸ਼ਾਂ, ਰਿਸ਼ਤਿਆਂ, ਸਮਾਜਿਕ ਸਰੋਕਾਰਾਂ ਅਤੇ ਅੰਦਰੂਨੀ ਅਹਿਸਾਸਾਂ ਦਾ ਇੱਕ ਸੱਚਾ ਦਸਤਾਵੇਜ਼ ਹੈ। ਉਨ੍ਹਾਂ ਕਿਹਾ ਕਿ ਰਾਜ ਕਾਕੜਾ ਨੇ ਆਪਣੀ ਵਿਲੱਖਣ ਲਿਖਣ-ਸ਼ੈਲੀ ਰਾਹੀਂ ਹਮੇਸ਼ਾ ਸਮਾਜ ਦੀ ਨਬਜ਼ ਨੂੰ ਪਛਾਣਿਆ ਹੈ ਅਤੇ ਉਨ੍ਹਾਂ ਦੀ ਰਚਨਾ ਵਿੱਚ ਲੋਕ ਜੀਵਨ ਦੀ ਸਾਦਗੀ, ਦਰਦ, ਆਸ ਅਤੇ ਹਕੀਕਤ ਦਾ ਸੁੰਦਰ ਮੇਲ ਨਜ਼ਰ ਆਉਂਦਾ ਹੈ। ਬੁਲਾਰਿਆਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਇਹ ਪੁਸਤਕ ਪੰਜਾਬੀ ਸਾਹਿਤ ਵਿੱਚ ਆਪਣੀ ਵਿਲੱਖਣ ਥਾਂ ਬਣਾਏਗੀ ਅਤੇ ਪਾਠਕਾਂ ਵੱਲੋਂ ਭਰਪੂਰ ਪਿਆਰ ਹਾਸਲ ਕਰੇਗੀ।

ਰਾਜ ਕਾਕੜਾ ਨੇ ਆਪਣੇ ਧੰਨਵਾਦੀ ਸੰਬੋਧਨ ਵਿੱਚ ਕਿਹਾ ਕਿ ਲੇਖਕ ਲਈ ਪਾਠਕਾਂ ਦਾ ਪਿਆਰ ਸਭ ਤੋਂ ਵੱਡਾ ਸਨਮਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਰ ਰਚਨਾ ਦੇ ਪਿੱਛੇ ਪਾਠਕਾਂ ਦਾ ਭਰੋਸਾ, ਦੋਸਤਾਂ ਦਾ ਸਾਥ ਅਤੇ ਕਲਾ ਪ੍ਰੇਮੀਆਂ ਦੀ ਹੌਂਸਲਾ-ਅਫ਼ਜ਼ਾਈ ਹੀ ਸਭ ਤੋਂ ਵੱਡੀ ਪ੍ਰੇਰਣਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ 'ਪੈਂਡਾ' ਵੀ ਪਾਠਕਾਂ ਦੇ ਦਿਲਾਂ ਤੱਕ ਆਪਣਾ ਰਾਹ ਬਣਾਏਗੀ ਅਤੇ ਉਨ੍ਹਾਂ ਨੂੰ ਸੋਚਣ ਲਈ ਨਵਾਂ ਦ੍ਰਿਸ਼ਟੀਕੋਣ ਦੇਵੇਗੀ। ਉਨ੍ਹਾਂ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।

## ਪੀਏਯੂ ਦੇ ਸਾਬਕਾ ਵਿਦਿਆਰਥੀ ਨੇ ਆਪਣੇ ਸਕੂਲ ਅਧਿਆਪਕ ਦੀ ਯਾਦ ਵਿੱਚ ਸਕਾਲਰਸ਼ਿਪ ਸਥਾਪਤ ਕੀਤੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 3 ਜੁਲਾਈ : ਪੀ ਏ ਯੂ ਦੇ ਸਾਬਕਾ ਵਿਦਿਆਰਥੀ, ਡਾ. ਯੋਗਰਾਜ ਸ਼ਰਮਾ, ਸੀਨੀਅਰ ਪਲਾਂਟ ਪੈਥੋਲੋਜਿਸਟ ਨੇ ਆਪਣੇ ਸਕੂਲ ਅਧਿਆਪਕ ਸ. ਸੁੰਦਰ ਸਿੰਘ ਘੁੰਮਣ ਦੀ ਯਾਦ ਵਿੱਚ ਸਕਾਲਰਸ਼ਿਪ ਸਥਾਪਤ ਕਰਨ ਲਈ ਖੇਤੀਬਾੜੀ ਕਾਲਜ ਨੂੰ 5 ਲੱਖ ਰੁਪਏ ਦਾਨ ਕੀਤੇ ਹਨ।



ਡਾ. ਸ਼ਰਮਾ ਨੇ ਕਿਹਾ ਕਿ ਇਹ ਸਕਾਲਰਸ਼ਿਪ ਉਨ੍ਹਾਂ ਦੇ ਸਕੂਲ ਅਧਿਆਪਕ ਸ. ਸੁੰਦਰ ਸਿੰਘ ਘੁੰਮਣ ਨੂੰ ਸ਼ਰਧਾਂਜਲੀ ਹੈ, ਜਿਨ੍ਹਾਂ ਦੇ ਸਮਰਥਨ, ਮਾਰਗਦਰਸ਼ਨ ਅਤੇ ਉਤਸ਼ਾਹ ਨੇ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੌਰਾਨ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਲਈ ਸ਼ੁਕਰ ਅਤੇ ਸਤਿਕਾਰ ਦੇ ਵਜੋਂ ਡਾ. ਸ਼ਰਮਾ ਨੇ ਸਥਾਈ ਰੂਪ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕਰਨ ਦੀ ਇੱਛਾ ਪ੍ਰਗਟਾਈ ਜੋ ਯੋਗ ਵਿਦਿਆਰਥੀਆਂ ਨੂੰ ਲਾਭ ਪਹੁੰਚਾਏਗੀ।

ਇਹ ਸਕਾਲਰਸ਼ਿਪ ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ, ਜਿਸ ਨਾਲ ਉਹ ਵਿੱਤੀ ਰੁਕਾਵਟਾਂ ਤੋਂ ਬਿਨਾਂ ਆਪਣੀ ਵਿਦਿਆ ਪ੍ਰਾਪਤੀ ਜਾਰੀ ਰੱਖ ਸਕਣਗੇ। ਡਾ. ਸ਼ਰਮਾ ਨੇ ਉਮੀਦ ਪ੍ਰਗਟਾਈ ਕਿ ਸਕਾਲਰਸ਼ਿਪ ਨਾ ਸਿਰਫ਼ ਹੋਣਹਾਰ ਵਿਦਿਆਰਥੀਆਂ 'ਤੇ ਵਿੱਤੀ ਬੋਝ ਨੂੰ ਘੱਟ ਕਰੇਗੀ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਹਮਦਰਦੀ ਅਤੇ ਸੇਵਾ ਦੇ ਸੱਭਿਆਚਾਰ ਨੂੰ ਵੀ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਯੋਗ ਨੌਜਵਾਨਾਂ ਦੀ ਸਿੱਖਿਆ ਲਈ ਸਹਿਯੋਗ ਕਰਨਾ ਉਨ੍ਹਾਂ ਲੋਕਾਂ ਦਾ ਸਨਮਾਨ ਕਰਨ ਵਾਂਗ ਹੈ ਜਿਨ੍ਹਾਂ ਨੇ ਸਾਡੇ ਜੀਵਨ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ।

ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਡਾ. ਸ਼ਰਮਾ ਦੇ ਇਸ ਯੋਗਦਾਨ ਦੀ ਸ਼ਲਾਘਾ ਕੀਤੀ। ਖੇਤੀਬਾੜੀ ਕਾਲਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ ਨੇ ਡਾ. ਸ਼ਰਮਾ ਦੇ ਉਪਰਾਲੇ ਲਈ ਦਿਲੋਂ ਧੰਨਵਾਦ ਕੀਤਾ। ਡਾ. ਔਲਖ ਨੇ ਅੱਗੇ ਕਿਹਾ ਕਿ ਇਹ ਸਕਾਲਰਸ਼ਿਪ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰੇਗੀ ਅਤੇ ਸ. ਸੁੰਦਰ ਸਿੰਘ ਘੁੰਮਣ ਦੀ ਸਦੀਵੀ ਯਾਦ ਨੂੰ ਹੋਰ ਵੀ ਪ੍ਰਪੱਕ ਕਰੇਗੀ।

## ਤੂਫ਼ਾਨ ਨਾਲ ਹੋਏ ਨੁਕਸਾਨ ਤੋਂ ਬਾਅਦ ਹਲਵਾਰਾ ਹਵਾਈ ਅੱਡੇ ਦਾ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਬਹਾਲ*

### *ਸੁਰੱਖਿਆ ਮਾਪਦੰਡਾਂ ਅਨੁਸਾਰ ਹਲਵਾਰਾ ਹਵਾਈ ਅੱਡੇ ਦੇ ਸਾਰੇ ਮੁਰੰਮਤ ਕਾਰਜ ਹੋਏ ਪੂਰੇ*

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 3 ਜੁਲਾਈ:ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਮਨਜੀਤ ਸਿੰਘ ਚੀਮਾ ਨੂੰ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਾਲ ਹੀ ਵਿੱਚ ਆਏ ਤੂਫ਼ਾਨ ਤੋਂ ਬਾਅਦ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੁਰੰਮਤ ਅਤੇ ਰੱਖ-ਰਖਾਅ ਦੇ ਸਾਰੇ ਕੰਮ ਸਫਲਤਾਪੂਰਵਕ ਪੂਰੇ ਕਰ ਲਏ ਗਏ ਹਨ। ਪ੍ਰਤੀਕੂਲ ਮੌਸਮੀ ਹਾਲਾਤਾਂ ਕਾਰਨ ਹਵਾਈ ਅੱਡੇ ਦੇ ਕੁਝ ਹਿੱਸਿਆਂ ਨੂੰ ਹੋਏ ਨੁਕਸਾਨ ਦੀ ਤੁਰੰਤ ਪਛਾਣ ਕਰਦੇ ਹੋਏ ਸਬੰਧਤ ਵਿਭਾਗਾਂ ਅਤੇ ਏਜੰਸੀਆਂ ਨੇ ਆਪਸੀ ਤਾਲਮੇਲ ਨਾਲ ਮੁਰੰਮਤ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਹਵਾਈ ਅੱਡੇ ਦੇ ਸਾਰੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਮੁੜ ਪੂਰੀ ਤਰ੍ਹਾਂ ਕਾਰਜਸ਼ੀਲ ਅਤੇ ਸੁਰੱਖਿਅਤ ਹਾਲਤ ਵਿੱਚ ਬਹਾਲ ਕਰ ਦਿੱਤਾ ਗਿਆ



ਬਹਾਲੀ ਦੌਰਾਨ ਨੁਕਸਾਨੇ ਗਏ ਢਾਂਚਿਆਂ ਦੀ ਮੁਰੰਮਤ, ਸੁਰੱਖਿਆ ਮਾਪਦੰਡਾਂ ਦੀ ਜਾਂਚ, ਲੋੜੀਂਦੇ ਤਕਨੀਕੀ ਨਿਰੀਖਣ ਅਤੇ ਹੋਰ ਜ਼ਰੂਰੀ ਰੱਖ-ਰਖਾਅ ਦੇ ਕੰਮ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤੇ ਗਏ। ਸਬੰਧਤ ਵਿਭਾਗਾਂ ਨੇ ਇਹ ਯਕੀਨੀ ਬਣਾਇਆ ਕਿ ਹਵਾਈ ਅੱਡੇ ਦਾ ਹਰ ਮਹੱਤਵਪੂਰਨ ਹਿੱਸਾ ਨਿਰਧਾਰਿਤ ਸੁਰੱਖਿਆ ਅਤੇ ਸੰਚਾਲਨ ਮਾਪਦੰਡਾਂ ਅਨੁਸਾਰ ਪੂਰੀ ਤਰ੍ਹਾਂ ਤਿਆਰ ਹੋਵੇ, ਤਾਂ ਜੋ ਹਵਾਈ ਸੇਵਾਵਾਂ ਦੇ ਸੰਚਾਲਨ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਆਵੇ।

ਜ਼ਿਲ੍ਹਾ ਪ੍ਰਸ਼ਾਸਨ, ਲੁਧਿਆਣਾ ਨੇ ਬਹਾਲੀ ਕਾਰਜਾਂ ਦੀ ਨਿਰੰਤਰ ਨਿਗਰਾਨੀ ਕਰਦੇ ਹੋਏ ਸਾਰੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਬਣਾਈ ਰੱਖਿਆ। ਪ੍ਰਸ਼ਾਸਨ ਵੱਲੋਂ ਕੰਮਾਂ ਦੀ ਸਮੇਂ-ਸਿਰ ਸਮੀਖਿਆ ਕੀਤੀ ਗਈ, ਜਿਸ ਨਾਲ ਮੁਰੰਮਤ ਪ੍ਰਕਿਰਿਆ ਨੂੰ ਤੇਜ਼ੀ ਨਾਲ ਪੂਰਾ ਕਰਨਾ ਸੰਭਵ ਹੋਇਆ। ਸਾਰੇ ਕੰਮ ਨਿਰਧਾਰਿਤ ਗੁਣਵੱਤਾ ਮਾਪਦੰਡਾਂ ਅਤੇ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰਦਿਆਂ ਸੰਪੰਨ ਕੀਤੇ ਗਏ ਹਨ।

ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡਾ ਪੰਜਾਬ ਵਿੱਚ ਖੇਤਰੀ ਹਵਾਈ ਸੰਪਰਕ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਦਯੋਗ, ਵਪਾਰ ਅਤੇ ਆਰਥਿਕ ਵਿਕਾਸ ਲਈ ਇੱਕ ਮਹੱਤਵਪੂਰਨ ਬੁਨਿਆਦੀ ਢਾਂਚਾ ਹੈ। ਹਵਾਈ ਅੱਡੇ ਦੀ ਪੂਰੀ ਬਹਾਲੀ ਨਾਲ ਯਾਤਰੀਆਂ ਨੂੰ ਸੁਰੱਖਿਅਤ, ਸੁਚਾਰੂ ਅਤੇ ਕੁਸ਼ਲ ਹਵਾਈ ਸੇਵਾਵਾਂ ਉਪਲਬਧ ਕਰਵਾਉਣ ਦਾ ਰਾਹ ਹੋਰ ਮਜ਼ਬੂਤ ਹੋਇਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਹਾ ਕਿ ਭਵਿੱਖ ਵਿੱਚ ਵੀ ਕਿਸੇ ਵੀ ਐਮਰਜੈਂਸੀ ਜਾਂ ਪ੍ਰਤੀਕੂਲ ਮੌਸਮੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਸਾਰੇ ਸਬੰਧਤ ਵਿਭਾਗਾਂ ਵਿਚਕਾਰ ਤਾਲਮੇਲ ਅਤੇ ਤਿਆਰੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਪ੍ਰਸ਼ਾਸਨ ਯਾਤਰੀਆਂ ਦੀ ਸੁਰੱਖਿਆ, ਹਵਾਈ ਅੱਡੇ ਦੀ ਨਿਰਵਿਘਨ ਕਾਰਗੁਜ਼ਾਰੀ ਅਤੇ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਸਰੀ ਸਿਟੀ ਲਈ ਮੇਅਰ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਵੱਲੋਂ 'ਬਿਜ਼ਨਸ ਰਿਲੀਫ਼ ਯੋਜਨਾ' ਦਾ ਐਲਾਨ

### ਵਪਾਰਕ ਖਰਚੇ ਘਟਾਉਣ, ਕਾਰੋਬਾਰਾਂ ਨੂੰ ਮਜ਼ਬੂਤ ਕਰਨ, ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਦਾ ਅਹਿਦ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਜੁਲਾਈ : ਕੰਸਰਵੇਟਿਵ ਪਾਰਟੀ ਆਫ ਸਰੀ ਦੇ ਮੇਅਰ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਸਥਾਨਕ ਕਾਰੋਬਾਰੀਆਂ ਨੂੰ ਵੱਡੀ ਰਾਹਤ ਦਿੰਦਿਆਂ ਇੱਕ ਇਤਿਹਾਸਕ ਵਪਾਰਕ ਰਾਹਤ ਯੋਜਨਾ (ਬਿਜ਼ਨਸ ਰਿਲੀਫ ਯੋਜਨਾ) ਦਾ ਐਲਾਨ ਕੀਤਾ ਹੈ। ਇਸ ਵਿਆਪਕ ਯੋਜਨਾ ਦਾ ਮੁੱਖ ਮਕਸਦ ਵਪਾਰਕ ਖਰਚੇ ਘਟਾਉਣਾ, ਸਥਾਨਕ ਕਾਰੋਬਾਰਾਂ ਨੂੰ ਮਜ਼ਬੂਤੀ ਦੇਣਾ, ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨਾ ਅਤੇ ਸਰੀ ਨੂੰ ਮੁੜ ਤੋਂ ਆਰਥਿਕ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਬਣਾਉਣਾ ਹੈ। ਇਸ ਯੋਜਨਾ ਤਹਿਤ ਕਮਰਸ਼ੀਅਲ ਪ੍ਰਾਪਰਟੀ ਟੈਕਸ ਵਿੱਚ ਵਾਧੇ ਦੀ ਦਰ ਨੂੰ 0% 'ਤੇ ਰੋਕਣ, ਛੋਟੇ ਕਾਰੋਬਾਰਾਂ ਲਈ ਟੈਕਸ ਵਿੱਚ 5% ਦੀ ਵਾਧੂ ਕਟੌਤੀ ਕਰਨ ਅਤੇ ਪੂਰੇ ਚਾਰ ਸਾਲਾਂ ਵਾਸਤੇ ਬਿਜ਼ਨਸ ਲਾਇਸੈਂਸ ਫੀਸ ਬਿਲਕੁਲ ਮੁਫ਼ਤ ਕਰਨ ਵਰਗੇ ਵੱਡੇ ਵਾਅਦੇ ਕੀਤੇ ਗਏ ਹਨ।




ਸ੍ਰ. ਰੰਧਾਵਾ ਨੇ ਵਾਅਦਾ ਕੀਤਾ ਕਿ ਜੇਕਰ ਉਹ ਮੇਅਰ ਚੁਣੇ ਜਾਂਦੇ ਹਨ, ਤਾਂ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਤੁਰੰਤ ਕਈ ਇਨਕਲਾਬੀ ਕਦਮ ਚੁੱਕੇ ਜਾਣਗੇ। ਇਸ ਤਹਿਤ ਜਿੱਥੇ ਕਮਰਸ਼ੀਅਲ ਪ੍ਰਾਪਰਟੀ ਟੈਕਸ ਦੇ ਵਾਧੇ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਈ ਜਾਵੇਗੀ, ਉੱਥੇ ਹੀ ਨੌਕਰੀਆਂ ਪੈਦਾ ਕਰਨ ਵਾਲੇ ਅਤੇ ਛੋਟੇ ਕਾਰੋਬਾਰਾਂ ਨੂੰ 5% ਵਾਧੂ ਟੈਕਸ ਕਟੌਤੀ ਦਿੱਤੀ ਜਾਵੇਗੀ। ਨਵੇਂ ਅਤੇ ਮੌਜੂਦਾ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਚਾਰ ਸਾਲ ਵਾਸਤੇ ਬਿਜ਼ਨਸ ਲਾਇਸੈਂਸ ਫੀਸ ਜ਼ੀਰੋ ਕਰ ਦਿੱਤੀ ਜਾਵੇਗੀ। ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਲਈ ਸਿਟੀ ਹਾਲ ਦੇ ਅੰਦਰੂਨੀ ਖਰਚਿਆਂ ਦੀ ਇੱਕ ਸੁਤੰਤਰ ਅਤੇ ਨਿਰਪੱਖ ਜਾਂਚ ਕਰਵਾਈ ਜਾਵੇਗੀ ਅਤੇ ਬਿਜ਼ਨਸ ਦੇ ਵਾਧੇ ਤੇ ਨਵੇਂ ਰੁਜ਼ਗਾਰ ਦੇ ਰਾਹ ਵਿੱਚ ਆਉਣ ਵਾਲੀਆਂ ਪ੍ਰਸ਼ਾਸਨਿਕ ਅੜਚਣਾਂ (ਲਾਲ ਫੀਤਾਸ਼ਾਹੀ) ਨੂੰ ਮੁਕੰਮਲ ਰੂਪ ਵਿੱਚ ਖ਼ਤਮ ਕੀਤਾ ਜਾਵੇਗਾ।

ਇਹ ਵੱਡਾ ਐਲਾਨ ਉਨ੍ਹਾਂ ਹਾਲੀਆ ਅੰਕੜਿਆਂ ਦੇ ਜਵਾਬ ਵਿੱਚ ਆਇਆ ਹੈ, ਜਿਨ੍ਹਾਂ ਮੁਤਾਬਕ ਸਾਲ 2024 ਤੋਂ 2026 ਦਰਮਿਆਨ ਸਰੀ ਵਿੱਚ ਕਮਰਸ਼ੀਅਲ ਪ੍ਰਾਪਰਟੀ ਟੈਕਸ ਵਿੱਚ ਲਗਭਗ 30% ਦਾ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਸ ਬੇਤਹਾਸ਼ਾ ਵਾਧੇ ਨੇ ਸਥਾਨਕ ਛੋਟੇ ਵਪਾਰੀਆਂ, ਪਰਿਵਾਰਕ ਦੁਕਾਨਾਂ, ਮੈਨੂਫੈਕਚਰਰਾਂ ਅਤੇ ਰੀਟੇਲਰਾਂ 'ਤੇ ਅਸਹਿ ਆਰਥਿਕ ਬੋਝ ਪਾਇਆ ਹੈ।

ਆਪਣੇ ਸੰਬੋਧਨ ਦੌਰਾਨ ਸ੍ਰ. ਰੰਧਾਵਾ ਨੇ ਦ੍ਰਿੜਤਾ ਨਾਲ ਕਿਹਾ ਕਿ ਸਰੀ ਨੂੰ ਬਿਜ਼ਨਸ ਲਈ ਖੁੱਲ੍ਹਾ ਹੋਣਾ ਚਾਹੀਦਾ ਹੈ, ਨਾ ਕਿ ਟੈਕਸਾਂ ਅਤੇ ਅਫ਼ਸਰਸ਼ਾਹੀ ਦੇ ਬੋਝ ਹੇਠ ਦੱਬਿਆ ਹੋਇਆ। ਮੇਅਰ ਵਜੋਂ ਉਹ ਸਿੱਧਾ ਬਿਜ਼ਨਸ ਮਾਲਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ, ਸਿਟੀ ਹਾਲ ਦੇ ਫਜ਼ੂਲ ਖਰਚੇ ਘਟਾਉਣਗੇ ਅਤੇ ਸਰੀ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਕਾਰੋਬਾਰ ਸ਼ੁਰੂ ਕਰਨ, ਵਧਾਉਣ ਅਤੇ ਨਿਵੇਸ਼ ਕਰਨ ਲਈ ਸਭ ਤੋਂ ਉੱਤਮ ਅਤੇ ਸੁਖਾਵਾਂ ਸ਼ਹਿਰ ਬਣਾਉਣਗੇ। ਉਨ੍ਹਾਂ ਅੱਗੇ ਸਪੱਸ਼ਟ ਕੀਤਾ ਕਿ 5% ਟੈਕਸ ਕਟੌਤੀ ਦਾ ਫਾਇਦਾ ਖਾਸ ਤੌਰ 'ਤੇ ਉਨ੍ਹਾਂ ਸਥਾਨਕ ਰੁਜ਼ਗਾਰਦਾਤਿਆਂ ਅਤੇ ਉਦਯੋਗਪਤੀਆਂ ਨੂੰ ਦਿੱਤਾ ਜਾਵੇਗਾ ਜੋ ਸਰੀ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਰਹੇ ਹਨ। ਇਸ ਨੀਤੀ ਨੂੰ ਇਸ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ ਕਿ ਇਸ ਦਾ ਸਿੱਧਾ ਲਾਭ ਹਰ ਛੋਟੇ-ਵੱਡੇ ਕਾਰੋਬਾਰੀ ਤੱਕ ਪਹੁੰਚੇ—ਚਾਹੇ ਉਹ ਆਪਣੀ ਪ੍ਰਾਪਰਟੀ ਦੇ ਮਾਲਕ ਹੋਣ ਜਾਂ ਕਿਰਾਏਦਾਰ।

## ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੀ ਮਾਤਾ ਸੁਰਜੀਤ ਕੌਰ ਦਾ ਕਾਵੈਂਟਰੀ ਵਿਖੇ ਵਿਸ਼ੇਸ਼ ਸਨਮਾਨ

### ਜ਼ੁਲਮਾਂ ਦੀ ਦਾਸਤਾਨ ਸੁਣ ਕੇ ਸਿੱਖ ਸੰਗਤਾਂ ਦੀਆਂ ਅੱਖਾਂ ਹੋਈਆਂ ਨਮ

ਵਰਲਡ ਪੰਜਾਬੀ ਟਾਈਮਜ਼ ਰਸ਼ਪਿੰਦਰ ਕੌਰ ਗਿੱਲ

ਕਾਵੈਂਟਰੀ, 3 ਜੁਲਾਈ : ਸਿੱਖ ਸੰਘਰਸ਼ ਦੌਰਾਨ ਆਪਣੀ ਜਾਨ ਨਿਛਾਵਰ ਕਰਨ ਵਾਲੇ ਖਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੇ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਜੀ, ਜੋ ਅੱਜਕੱਲ੍ਹ ਯੂ.ਕੇ. ਫੇਰੀ 'ਤੇ ਆਏ ਹੋਏ ਹਨ, ਦਾ ਬੀਤੇ ਐਤਵਾਰ ਨੂੰ ਕਾਵੈਂਟਰੀ ਦੇ ਗੁਰੂ ਨਾਨਕ ਪ੍ਰਕਾਸ਼ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ।





ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਬਲਵੀਰ ਸਿੰਘ ਧਾਮੀ, ਸਾਬਕਾ ਪ੍ਰਧਾਨ ਭਾਈ ਅਮਰਜੀਤ ਸਿੰਘ ਖਟੜਾ, ਸਾਬਕਾ ਪ੍ਰਧਾਨ ਭਾਈ ਪਵਿੱਤਰ ਸਿੰਘ ਖੈਹਰਾ, ਸਾਬਕਾ ਪ੍ਰਧਾਨ ਭਾਈ ਬਲਵੀਰ ਸਿੰਘ ਖਾਲਸਾ, ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ (FSO) ਯੂ.ਕੇ. ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਪ੍ਰਸਿੱਧ ਕਥਾਵਾਚਕ ਗਿਆਨੀ ਰਾਜਪਾਲ ਸਿੰਘ ਵੱਲੋਂ ਮਾਤਾ ਸੁਰਜੀਤ ਕੌਰ ਜੀ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਮਾਤਾ ਸੁਰਜੀਤ ਕੌਰ ਨੇ ਆਪਣੇ ਸ਼ਹੀਦ ਪੁੱਤਰ ਭਾਈ ਬਲਜਿੰਦਰ ਸਿੰਘ ਰਾਜੂ ਦੇ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋਣ ਤੋਂ ਲੈ ਕੇ ਸ਼ਹਾਦਤ ਤੱਕ ਦੀ ਦਰਦਨਾਕ ਅਤੇ ਪ੍ਰੇਰਨਾਦਾਇਕ ਵਿਥਿਆ ਸਾਂਝੀ ਕੀਤੀ। ਮਾਤਾ ਜੀ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਨ੍ਹਾਂ ਨੇ ਖੁਦ ਅਰਦਾਸ ਕਰਕੇ ਆਪਣੇ ਪੁੱਤਰ ਭਾਈ ਰਾਜੂ ਨੂੰ ਕੌਮੀ ਸੰਘਰਸ਼ ਦੇ ਰਾਹ 'ਤੇ ਤੋਰਿਆ ਸੀ ਅਤੇ ਤਾਕੀਦ ਕੀਤੀ ਸੀ ਕਿ ਕਦੇ ਡੋਲਣਾ ਨਹੀਂ, ਸਗੋਂ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿ ਕੇ ਪੁਲਿਸ ਦਾ ਹਰ ਤਸ਼ੱਦਦ ਝੱਲਣਾ ਹੈ। ਮਾਤਾ ਜੀ ਨੇ ਰਾਜਸਥਾਨ ਦੀ ਸਥਾਨਕ ਪੁਲਿਸ ਵੱਲੋਂ ਪਰਿਵਾਰ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ ਕਈ ਦਿਲ-ਕੰਬਾਊ ਯਾਦਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਨੂੰ ਸੁਣ ਕੇ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਸਮੂਹ ਸਿੱਖ ਸੰਗਤਾਂ ਬਹੁਤ ਭਾਵੁਕ ਹੋ ਗਈਆਂ।

ਜ਼ਿਕਰਯੋਗ ਹੈ ਕਿ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ, ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਜਥੇ ਦੇ ਬੇਹੱਦ ਜਾਂਬਾਜ਼ ਯੋਧੇ ਸਨ, ਜਿਨ੍ਹਾਂ ਨੇ ਕੌਮ ਦੇ ਦੋਖੀਆਂ, ਗੁਰੂ ਘਰ ਦੇ ਨਿੰਦਕਾਂ ਅਤੇ ਜ਼ਾਲਮ ਪੁਲਿਸ ਅਧਿਕਾਰੀਆਂ ਨੂੰ ਸੋਧਣ ਲਈ ਕਈ ਅਹਿਮ ਕਾਰਵਾਈਆਂ ਨੂੰ ਅੰਜਾਮ ਦਿੱਤਾ ਸੀ। ਸ਼ਹੀਦ ਭਾਈ ਕੰਵਲਜੀਤ ਸਿੰਘ ਸੁਲਤਾਨਵਿੰਡ 'ਤੇ ਹੋਏ ਪੁਲਿਸ ਹਮਲੇ ਦੌਰਾਨ ਉਨ੍ਹਾਂ ਨੂੰ ਅੰਮ੍ਰਿਤਸਰ ਦੀਆਂ ਕਚਹਿਰੀਆਂ ਵਿੱਚੋਂ ਛੁਡਵਾਉਣ ਵਾਲੇ ਖ਼ਤਰਨਾਕ ਅਤੇ ਇਤਿਹਾਸਕ ਐਕਸ਼ਨ ਵਿੱਚ ਵੀ ਭਾਈ ਬਲਜਿੰਦਰ ਸਿੰਘ ਰਾਜੂ ਦੀ ਮੁੱਖ ਭੂਮਿਕਾ ਰਹੀ ਸੀ। ਭਾਈ ਬਲਜਿੰਦਰ ਸਿੰਘ ਰਾਜੂ ਦੀ ਜਲੰਧਰ ਦੇ ਨਜ਼ਦੀਕ ਤੋਂ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ 'ਤੇ ਬੇਤਹਾਸ਼ਾ ਅਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਸੀ। ਪਰ ਇਸ ਅਣਖੀਲੇ ਜੁਝਾਰੂ ਨੇ ਹਕੂਮਤ ਦੇ ਹਥਿਆਰਬੰਦ ਜ਼ਾਲਮ ਕਰਿੰਦਿਆਂ ਨੂੰ ਵੰਗਾਰਦਿਆਂ ਅਤੇ ਲਲਕਾਰਦਿਆਂ ਸਿਰੜ ਨਹੀਂ ਛੱਡਿਆ। ਅਖੀਰ 9 ਜੂਨ 1989 ਵਾਲੇ ਦਿਨ ਪੁਲਿਸ ਵੱਲੋਂ ਬੇਹੱਦ ਜ਼ਾਲਮਾਨਾ ਤਰੀਕੇ ਨਾਲ ਤਸ਼ੱਦਦ ਕਰਨ ਮਗਰੋਂ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਮੌਕੇ ਹਾਜ਼ਰ ਬੁਲਾਰਿਆਂ ਨੇ ਸ਼ਹੀਦ ਪਰਿਵਾਰ ਦੀਆਂ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕੌਮ ਨੂੰ ਅਜਿਹੇ ਮਹਾਨ ਸੂਰਬੀਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਹਮੇਸ਼ਾ ਮਾਣ ਰਹੇਗਾ।

## ਸੁਖਬੀਰ ਸਿੰਘ ਸੰਧੂ ਪੰਜਾਬੀ ਦਾ ਉਹ ਅਣਗੌਲ਼ਿਆ ਪਰ ਸਮਰੱਥ ਸ਼ਾਇਰ ਸੀ ਜਿਸ ਦੀ ਇੱਕੋ ਗ਼ਜ਼ਲ



ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।
ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।

ਸੁਣਿਆ ਹੈ ਰਾਤ ਗ਼ੈਰ ਨੂੰ ਸੁਪਨੇ ਚ ਮਿਲੇ ਹੋ,
ਦੱਸੋ ਤੁਸੀਂ ਹੀ ਏਸ ਦਾ ਸ਼ਿਕਵਾ ਕਰਾਂ ਕਿ ਨਾ।

ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ,
ਕਹਿ ਦੇ ਜ਼ਰਾ ਕਿ ਜਾਣ ਦਾ ਵਾਅਦਾ ਕਰਾਂ ਕਿ ਨਾ।

ਇਹ ਸੋਚਦਾ ਹੀ ਸੋਚਦਾ ਕਾਅਬੇ ਤੋਂ ਮੁੜ ਪਿਆ,
ਤੇਰੀ ਦਲੀਜ਼ ਤੋਂ ਬਿਨਾਂ ਸਜਦਾ ਕਰਾਂ ਕਿ ਨਾ।

ਉਹ ਗੱਲ ਮੇਰੇ ਪਿਆਰA ਦੀ ਲੋਕਾਂ ਨੇ ਜਾਣ ਲਈ,
ਮੈਂ ਸਾਂ ਅਜੇ ਵਿਚਾਰਦਾ ਚਰਚਾ ਕਰਾਂ ਕਿ ਨਾ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਨੂੰ ਨੁਸਰਤ ਫ਼ਤਹਿ ਖਾਂ ਸਮੇਤ ਤਿੰਨ ਹੋਰ ਪਾਕਿ ਗਾਇਕਾਂ ਮਰਾਤਬ ਅਲੀ, ਨਸੀਬੋ ਲਾਲ ਤੇ ਅਕਰਮ ਰਾਹੀ ਨੇ ਵੀ ਗਾਇਆ। ਇਧਰਲੇ ਪੰਜਾਬ ਵਿੱਚ ਬਹੁਤੇ ਲੋਕ ਇਸ ਗ਼ਜ਼ਲ ਨੂੰ ਸ਼ਿਵ ਕੁਮਾਰ ਦੀ ਕਹਿ ਕੇ ਮਹਿਫ਼ਲਾਂ ਵਿੱਚ ਗਾਉਂਦੇ ਹਨ।

ਸੁਖਬੀਰ ਸਿੰਘ ਸੰਧੂ ਤਰਨਤਾਰਨ ਦਾ ਜੰਮ ਪਲ ਸੀ। ਉਸਦਾ ਜੱਦੀ ਪਿੰਡ ਕਲਸੀਆਂ ਖ਼ੁਰਦ (ਖਾਲੜਾ ਨੇੜੇ)ਜ਼ਿਲ੍ਹਾ ਤਰਨਤਾਰਨ ਵਿੱਚ ਹੈ। ਉਸ ਦੇ ਪਿਤਾ ਜੀ ਗਿਆਨੀ ਸਰਦਾਰਾ ਸਿੰਘ ਨੇ ਆਪਣਾ ਸਾਰਾ ਜੀਵਨ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ, ਤਰਨ ਤਾਰਨ ਦੇ ਹੀ ਲੇਖੇ ਲਾਇਆ । ਇਸੇ ਕਰਕੇ ਉਹ ਤਰਨਤਾਰਨ ਆਣ ਵੱਸੇ।

12 ਅਗਸਤ 1932 ਦੇ ਜੰਮਪਲ ਸੁਖਬੀਰ ਸਿੰਘ ਸੰਧੂ ਨੇ ਐਮ.ਏ. ਬੀ.ਟੀ. ਪਾਸ ਕਰਕੇ ਪਹਿਲਾਂ ਕੁਝ ਸਮਾਂ ਕਲਰਕੀ ,ਫਿਰ ਅਧਿਆਪਨ ਤੇ ਮਗਰੋਂ ਲੋਕ ਸੰਪਰਕ ਵਿਭਾਗ ਦੇ ਕਪੂਰਥਲਾ ਦਫ਼ਤਰ ਵਿਚ ਡਰਾਮਾ ਇੰਸਪੈਕਟਰ ਵਜੋਂ ਨੌਕਰੀ ਕੀਤੀ। ਫਿਰ ਉਹ ਇੰਗਲੈਂਡ ਚਲਾ ਗਿਆ ਜਿੱਥੇ ਉਸਨੂੰ ਸਪਰੇਅ ਪੇਂਟਰ ਵਰਗੇ ਮੁਸ਼ੱਕਤੀ ਕਿੱਤੇ ਕਰਨੇ ਪਏ। ਉਸ ਇੰਗਲੈਂਡ ਤੋਂ ਭਾਰਤ ਪਰਤ ਕੇ ਤਰਨਤਾਰਨ ਵਿਚ ਅੰਮ੍ਰਿਤਸਰ ਵੱਲ ਜਾਂਦੇ ਰਾਹ ਤੇ "ਪਾਇਲ ਹੋਟਲ ਐਂਡ ਰੈਸਟੋਰੈਂਟ" ਖੋਲ੍ਹਿਆ।

ਉਸਨੂੰ ਗਜ਼ਲ ਲਿਖਣ ਦਾ ਸ਼ੌਕ ਚੜ੍ਹਦੀ ਜਵਾਨੀ ਤੋਂ ਹੀ ਪੈ ਗਿਆ ਸੀ ਜੋ ਆਖ਼ਰੀ ਸਵਾਸਾਂ ਤੀਕ ਨਿਭਿਆ।

ਇੰਗਲੈਂਡ ਵਿਚ ਰਹਿੰਦਿਆਂ ਪੰਜਾਬੀ ਸਾਹਿਤਕਾਰਾਂ ਨੇ ਉਸਨੂੰ "ਪੰਜਾਬੀ ਲਿਖਾਰੀ ਸਭਾ" ਲੰਡਨ, ਯੂ:ਕੇ, ਦਾ ਜਨਰਲ ਸਕੱਤਰ ਬਨਣ ਦੀ ਸੇਵਾ ਵੀ ਬਖਸ਼ੀ। ਉਸਦੀ 1973 ਵਿੱਚ ਛਪੀ ਪਹਿਲੀ ਕਿਰਤ 'ਪਾਇਲ' ਗ਼ਜ਼ਲ ਸੰਗ੍ਰਹਿ ਪੜ੍ਹਦਿਆਂ ਉਸ ਦੇ ਗਹਿਰ ਗੰਭੀਰੇ ਕਲਾਮ ਦੇ ਦਰਸ਼ਨ ਹੁੰਦੇ ਹਨ। ਉਸ ਕਿਤਾਬ ਮਗਰੋਂ ਉਸ ਕੀ ਲਿਖਿਆ, ਕਿੱਥੇ ਛਪਿਆ? ਇਹ ਖੋਜ ਦਾ ਵਿਸ਼ਾ ਹੈ।

ਸੁਖਬੀਰ ਸਿੰਘ ਸੰਧੂ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਉੱਘੇ ਕਹਾਣੀਕਾਰ ਜਸਬੀਰ ਭੁੱਲਰ ਅਨੁਸਾਰ ਲੰਮੀ ਬੀਮਾਰੀ ਉਪਰੰਤ ਉਹ ਸਾਨੂੰ 5 ਜੂਨ 1986 ਨੂੰ ਸਦੀਵੀ ਅਲਵਿਦਾ ਕਹਿ ਗਿਆ।

"ਪਾਇਲ" ਦਾ ਦੂਸਰਾ ਸੰਸਕਰਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ 2026 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

## ਸਿੱਖ ਵਿਰੋਧੀ ਕਾਨੂੰਨ ਅਤੇ ਸਿੱਖ ਵਿਰੋਧੀ ਸਰਕਾਰਾਂ...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ




1947 ਤੋਂ ਪਹਿਲਾਂ ਹਿੰਦੂ ਹਾਕਮ ਆਖਦੇ ਸਨ ਕਿ 'ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੋਈ ਵੀ ਅਜਿਹਾ ਕਾਨੂੰਨ ਪਾਸ ਨਹੀਂ ਕਰਾਂਗੇ ਜੋ ਸਿੱਖਾਂ ਨੂੰ ਮਨਜ਼ੂਰ ਨਹੀਂ ਹੋਏਗਾ' ਪਰ ਇਹ ਵਾਅਦੇ ਵਫ਼ਾ ਨਾ ਹੋਏ। ਸਿੱਖਾਂ ਨੂੰ ਕੁਝ ਪੁੱਛਣਾ-ਦੱਸਣਾ ਜਾਂ ਬਣਦੇ ਹੱਕ ਤਾਂ ਕੀ ਦੇਣੇ ਸੀ ਸਗੋਂ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ ਕੌਮ' ਐਲਾਨਦਿਆਂ ਇਹਨਾਂ ਉੱਤੇ ਕਰੜੀ ਨਿਗ੍ਹਾ ਰੱਖਣ ਲਈ ਕਹਿ ਦਿੱਤਾ। ਹਿੰਦੂ ਹਾਕਮ ਹੋ ਗਏ ਤੇ ਸਿੱਖ ਗ਼ੁਲਾਮ ਹੋ ਗਏ। ਹੁਣ ਤਾਂ ਹਰ ਕਾਨੂੰਨ ਸਿੱਖਾਂ ਵਿਰੁੱਧ ਹੀ ਪਾਸ ਹੁੰਦਾ ਹੈ, ਸਿੱਖਾਂ ਦੇ ਧਾਰਮਿਕ ਮਾਮਲਿਆਂ ਤੇ ਧਰਮ ਅਸਥਾਨਾਂ 'ਚ ਸਰਕਾਰਾਂ ਦੀ ਦਖਲ-ਅੰਦਾਜ਼ੀ ਹੁੰਦੀ ਹੈ, ਸੰਵਿਧਾਨ ਨੇ ਤਾਂ ਸਿੱਖਾਂ ਦੀ ਵੱਖਰੀ ਪਛਾਣ ਉੱਤੇ ਵੀ ਸਵਾਲੀਆ ਚਿੰਨ੍ਹ ਲਾਇਆ ਹੋਇਆ ਹੈ, ਸਿੱਖਾਂ ਦੇ ਜਜ਼ਬਾਤਾਂ ਤੇ ਭਾਵਨਾਵਾਂ ਨੂੰ ਹਰ ਰੋਜ਼ ਦਰੜਿਆ ਜਾਂਦਾ ਹੈ, ਕਾਲ਼ੇ ਕਾਨੂੰਨਾਂ ਰਾਹੀਂ ਸਿੱਖਾਂ ਦੇ ਹੱਕ-ਹਕੂਕ ਖੋਹੇ ਜਾਂਦੇ ਨੇ।

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਿੱਖਾਂ ਦੇ ਹਿੱਸੇ ਫ਼ਾਂਸੀਆਂ ਦੇ ਰੱਸੇ, ਲੰਬੀਆਂ ਜੇਲ੍ਹਾਂ, ਅਨਮਨੁੱਖੀ ਤਸ਼ੱਦਦ, ਧਰਨੇ-ਮੁਜ਼ਾਹਰੇ, ਭੁੱਖ ਹੜਤਾਲਾਂ, ਮਾਰਚ-ਪ੍ਰਦਰਸ਼ਨ, ਸਰਕਾਰਾਂ ਵਿਰੁੱਧ ਵੱਡੇ-ਛੋਟੇ ਇਕੱਠ-ਰੈਲੀਆਂ, ਬਿਆਨਬਾਜ਼ੀਆਂ ਅਤੇ ਇੱਕ ਤੋਂ ਬਾਅਦ ਦੂਜਾ ਤੇ ਦੂਜੇ ਤੋਂ ਬਾਅਦ ਤੀਜਾ ਸੰਘਰਸ਼ ਹੀ ਸੰਘਰਸ਼ ਹੈ। ਹਰ ਰੋਜ਼ ਸਿੱਖਾਂ ਨੂੰ ਖ਼ੁਆਰੀ, ਨਿਰਾਸ਼ਾ, ਧੱਕੇਸ਼ਾਹੀ, ਬੇਇਨਸਾਫ਼ੀ ਤੇ ਜ਼ੁਲਮ ਝੱਲਣਾ ਪੈਂਦਾ ਹੈ। ਨਿਮਾਣਿਆਂ, ਨਿਤਾਣਿਆਂ ਤੇ ਲਤਾੜੇ ਹੋਏ ਲੋਕਾਂ ਨੂੰ ਖ਼ੁਦ ਇਨਸਾਫ਼ ਦੇਣ ਵਾਲ਼ੀ ਸਿੱਖ ਕੌਮ ਨੂੰ ਹਿੰਦੂਤਵੀਆਂ ਨੇ ਸੰਵਿਧਾਨਿਕ ਤੌਰ 'ਤੇ ਗ਼ੁਲਾਮ ਬਣਾ ਕੇ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਕੀਤਾ ਹੋਇਆ ਹੈ। ਸਿੱਖ ਹੱਕ ਮੰਗਣ, ਸੰਘਰਸ਼ ਕਰਨ ਤਾਂ ਅੱਤਵਾਦੀ, ਦਹਿਸ਼ਤਗਰਦ, ਸ਼ਰਾਰਤੀ ਅਨਸਰ, ਪਾਕਿਸਤਾਨ ਦੇ ਪਿੱਠੂ ਤੇ ਦੇਸ਼ ਦੇ ਦੁਸ਼ਮਣ ਐਲਾਨ ਦਿੱਤੇ ਜਾਂਦੇ ਹਨ। ਸਿੱਖ ਹੋਣਾ ਇਸ ਦੇਸ਼ 'ਚ ਪਾਪ, ਜੁਰਮ, ਗੁਨਾਹ ਤੇ ਵੱਡਾ ਕਸੂਰ ਬਣ ਗਿਆ ਹੈ।

ਹਿੰਦੂਤਵੀ/ਭਾਰਤੀ ਹਾਕਮਾਂ ਦਾ ਸਿੱਧਾ ਜਿਹਾ ਫਾਰਮੂਲਾ ਹੈ ਕਿ ਸਿੱਖ ਸਾਡੀ ਈਨ ਮੰਨਣ, ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਸਿੱਖਾਂ ਦੇ ਭਲੇ ਲਈ ਕਰਦੇ ਹਾਂ ਪਰ ਸਿੱਖ ਤਾਂ ਮੂਰਖ ਹਨ ਜੋ ਇਹਨਾਂ ਨੂੰ ਸਮਝ ਹੀ ਨਹੀਂ ਲੱਗਦੀ ਤੇ ਇਹ ਭਾਰਤ ਵਿਰੋਧੀ ਤਾਕਤਾਂ ਦੇ ਪਿੱਛੇ ਲੱਗ ਕੇ ਸਾਡਾ ਵਿਰੋਧ ਕਰਦੇ ਹਨ, ਉਹ ਆਖਦੇ ਹਨ ਕਿ ਤੁਹਾਡੇ ਗੁਰੂ ਵੀ ਹਿੰਦੂ ਸਨ ਤੇ ਤੁਸੀਂ ਵੀ ਕੇਸਾਧਾਰੀ ਹਿੰਦੂ ਹੋ, ਤੁਹਾਡਾ ਕੰਮ ਸਿਰਫ਼ ਹਿੰਦੂਆਂ ਤੇ ਦੇਸ਼ ਦੀ ਰਾਖੀ ਕਰਨਾ ਸੀ ਤੇ ਉਹ ਸਮਾਂ ਨਿਕਲ ਗਿਆ ਹੈ, ਹੁਣ ਤੁਸੀਂ ਸਾਡੇ ਹਿਸਾਬ ਨਾਲ਼ ਚੱਲੋ। ਅਸੀਂ ਤੁਹਾਨੂੰ ਦੱਸਾਂਗੇ ਕਿ ਤੁਹਾਡੇ ਲਈ ਕੀ ਚੰਗਾ ਤੇ ਕੀ ਮਾੜਾ ਹੈ, ਤੁਸੀਂ ਕੀ ਖਾਣਾ ਤੇ ਕੀ ਪਹਿਨਣਾ ਹੈ, ਤੁਸੀਂ ਕਿੱਥੇ ਜਾਣਾ ਤੇ ਕਿੱਥੇ ਮਨਾਹੀ ਹੈ, ਤੁਸੀਂ ਕੀਹਨੂੰ ਨਾਇਕ ਤੇ ਕੀਹਨੂੰ ਖਲਨਾਇਕ ਮੰਨਣਾ ਹੈ, ਤੁਸੀਂ ਕੀਹਦੇ ਨਾਲ਼ ਸੰਬੰਧ ਰੱਖਣਾ ਤੇ ਕੀਹਦੇ ਨਾਲ਼ ਤੋੜਨਾ ਹੈ, ਤੁਸੀਂ ਕਦੋਂ ਕਿਰਪਾਨ ਪਾਉਣੀ ਤੇ ਕਦੋਂ ਲਾਹੁਣੀ ਹੈ ਤੇ ਕੀਹਨੂੰ ਪੂਜਣਾ ਤੇ ਕੀਹਨੂੰ ਨਹੀਂ ਮੰਨਣਾ ਹੈ।

ਸਿੱਖਾਂ ਦੇ ਧਰਮ ਸਥਾਨਾਂ ਅਤੇ ਸਿੱਖ ਮਸਲਿਆਂ ਉੱਤੇ ਹਿੰਦੂਤਵੀ ਸਰਕਾਰਾਂ ਖ਼ੁਦ ਹੀ ਆਪਣੀ ਮਨਮਰਜ਼ੀ ਦਾ ਕਾਨੂੰਨ ਥੋਪ ਦਿੰਦੀਆਂ ਹਨ ਤੇ ਸਿੱਖਾਂ ਨੂੰ ਕਹਿਣਾ ਪੈਂਦਾ ਹੈ ਕਿ ਕਾਨੂੰਨ ਏਂਦਾਂ ਨਹੀਂ ਇੱਦਾਂ ਬਣਾਓ, ਆਹ ਰੱਦ ਕਰੋ, ਆਹ ਸੋਧ ਕਰੋ, ਸਿੱਖਾਂ ਨੂੰ ਸੰਘਰਸ਼ ਕਰਕੇ ਸਰਕਾਰਾਂ ਨੂੰ ਫ਼ੈਸਲੇ ਬਦਲਣ ਲਈ ਮਜ਼ਬੂਰ ਕਰਨਾ ਪੈਂਦਾ ਹੈ। ਜੇ ਸਿੱਖਾਂ ਦਾ ਆਪਣਾ ਰਾਜ-ਭਾਗ, ਆਪਣਾ ਮੁਲਕ ਤੇ ਆਪਣੇ ਕੋਲ ਤਾਕਤ ਹੋਵੇ ਤਾਂ ਫਿਰ ਅਜਿਹੀਆਂ ਮੁਸੀਬਤਾਂ ਸਹੇੜਨੀਆਂ ਹੀ ਨਾ ਪੈਣ। ਪਰ ਸਾਡੇ ਬਥੇਰੇ ਧਾਰਮਿਕ ਆਗੂ ਤੇ ਸਿਆਸੀ ਆਗੂ ਇਹਨਾਂ ਫ਼ਿਰਕੂ ਹਿੰਦੂਤਵੀਆਂ ਦੇ ਤਲਵੇ ਚੱਟਦੇ ਫਿਰਦੇ ਹਨ। ਅਜਿਹੇ ਬੇਜ਼ਮੀਰੇ ਆਗੂਆਂ ਨੂੰ ਇਸੇ ਕਰਕੇ ਅਣਖੀਲੇ ਸਿੱਖ ਲਾਹਣਤਾਂ ਪਾਉਂਦੇ ਹਨ। ਦੁਸ਼ਮਣ ਦੇ ਕੁਹਾੜੇ ਦਾ ਦਸਤਾ ਬਣੇ ਅਖੌਤੀ ਸਿੱਖਾਂ ਨੂੰ ਪਤਾ ਨਹੀਂ ਕਦੋਂ ਅਕਲ ਆਵੇਗੀ।

ਸਿੱਖਾਂ ਉੱਤੇ ਯੂ.ਏ.ਪੀ.ਏ., ਐੱਨ.ਐੱਸ.ਏ., ਟੈਰਰ ਫੰਡਿੰਗ, ਹੇਟ ਸਪੀਚ, ਦੇਸ਼ ਧ੍ਰੋਹ, ਦੇਸ਼ ਵਿਰੁੱਧ ਜੰਗ ਛੇੜਨ ਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਦੇ ਕੇਸ ਪਾਏ ਜਾਂਦੇ ਹਨ, ਧਾਰਮਿਕ ਕਿਤਾਬਾਂ ਰੱਖਣ ਕਾਰਨ ਹੀ ਉਮਰ ਕੈਦ ਹੋ ਜਾਂਦੀ ਹੈ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਕਾਰਨ ਬੰਦੀ ਬਣਾ ਦਿੱਤਾ ਜਾਂਦਾ ਹੈ, ਪੰਜਾਬ ਦੀ ਨੌਜਵਾਨੀ ਨਸ਼ਿਆਂ ਦੇ ਨਾਲ ਮਾਰੀ ਜਾ ਰਹੀ ਹੈ, ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਬੋਲੀ ਨੂੰ ਛੁਟਿਆਇਆ ਜਾਂਦਾ ਹੈ, ਕਿਸਾਨੀ ਅਤੇ ਅਧਿਆਪਕ ਸੜਕਾਂ 'ਤੇ ਰੁਲ ਰਹੇ ਨੇ, ਪੰਜਾਬ ਦੀਆਂ ਜਮੀਨਾਂ ਅਤੇ ਕਾਰੋਬਾਰਾਂ 'ਤੇ ਪ੍ਰਵਾਸੀਆਂ ਦਾ ਕਬਜਾ ਹੋ ਰਿਹਾ, ਸਿੱਖ ਹੋਮਲੈਂਡ ਪੰਜਾਬ ਉੱਤੇ ਖਤਰੇ ਦੀ ਘੰਟੀ ਲਗਾਤਾਰ ਵੱਜ ਰਹੀ ਹੈ, ਆਮ ਸਿੱਖ ਅਤੇ ਪੰਥ ਦਰਦੀ ਤਾਂ ਹੱਥ-ਪੈਰ ਮਾਰ ਰਹੇ ਹਨ ਪਰ ਪੰਜਾਬ ਨੂੰ ਧਾਰਮਿਕ ਤੇ ਸਿਆਸੀ ਭੇਖ 'ਚ ਚਿੰਬੜੀਆਂ ਕੁਝ ਜੋਕਾਂ ਕਿਸੇ ਪਾਸੇ ਨਹੀਂ ਲੱਗਣ ਦੇ ਰਹੀਆਂ।

ਪਹਿਲਾਂ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਕਾਲ਼ੇ ਖੇਤੀ ਕਾਨੂੰਨ ਰੱਦ ਕਰਵਾਏ, ਫਿਰ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਬਚਾਉਣ ਲਈ ਸੰਘਰਸ਼ ਕਰਨਾ ਪਿਆ, ਹੁਣ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਸੋਧ ਕਾਨੂੰਨ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥਕ ਜਥੇਬੰਦੀਆਂ ਨੂੰ ਜੂਝਣਾ ਪੈ ਰਿਹਾ ਹੈ ਤੇ ਮਹਾਂਰਾਸ਼ਟਰ ਦੀ ਭਾਜਪਾਈ ਸਰਕਾਰ ਵੀ ਨਵਾਂ ਕਾਨੂੰਨ ਲਿਆ ਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਉੱਤੇ ਸਿੱਧਾ ਕਬਜਾ ਕਰਨਾ ਚਾਹੁੰਦੀ ਹੈ ਤੇ ਸਰਕਾਰਾਂ ਨੂੰ ਸਿੱਖ ਨੁੰਮਾਇੰਦੇ ਹਾਲ-ਦੋਹਾਈ ਪਾ ਰਹੇ ਨੇ ਕਿ ਸਾਡੇ ਮਾਮਲਿਆਂ 'ਚ ਕਾਨੂੰਨ ਬਣਾਉਣ ਤੋਂ ਪਹਿਲਾਂ ਸਾਡੀ ਸਲਾਹ ਤਾਂ ਲੈ ਲਵੋ ਪਰ ਸਰਕਾਰਾਂ ਫਿਰ ਵੀ ਸਾਜ਼ਿਸ਼ਾਂ ਤੋਂ ਬਾਜ ਨਹੀਂ ਆ ਰਹੀਆਂ। ਰੋਜ਼-ਰੋਜ਼ ਜ਼ਲੀਲ ਹੋਣ ਨਾਲ਼ੋਂ ਸਿੱਖਾਂ ਨੂੰ ਇਕੱਠੇ ਹੋ ਕੇ ਇੱਕ ਪਾਸਾ ਕਰ ਲੈਣਾ ਚਾਹੀਦਾ ਹੈ, ਜਦੋਂ ਤਕ ਸਿੱਖ ਬਾਬਿਆਂ ਤੇ ਸਿੱਖਾਂ ਦੇ ਸਿਆਸੀ ਆਗੂਆਂ ਦੇ ਪੱਲੇ ਇਹ ਗੱਲ ਨਹੀਂ ਪੈਂਦੀ ਓਦੋਂ ਤਕ ਸਿੱਖਾਂ ਨੂੰ ਇਸੇ ਤਰ੍ਹਾਂ ਜ਼ਲਾਲਤ ਝੱਲਣੀ ਪਵੇਗੀ।

## ਗਰੀਸ ਦੀ ਪਾਤਰਾ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਰਾਹੀਂ ਗਰੀਕੀ ਭਾਸ਼ਾ ਦੀ ਸਿਖਲਾਈ ਦਾ ਕੋਰਸ ਸਫ਼ਲਤਾ ਪੂਰਵਕ ਸੰਪੰਨ ਹੋਣ ਤੇ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵਲੋਂ ਵਧਾਈ

### ਸਮਾਪਤੀ ਸਮਾਰੋਹ ਸਮੇਂ ਗ੍ਰੀਕੀ ਅਤੇ ਪੰਜਾਬੀ ਸੱਭਿਆਚਾਰਕ ਸਰਗਰਮੀਆਂ ਨੇ ਲਾਈ ਖ਼ੂਬ ਰੌਣਕ

ਵਰਲਡ ਪੰਜਾਬੀ ਟਾਈਮਜ਼

ਪਾਤਰਾ – ਗਰੀਸ 3 ਜੁਲਾਈ : ਗ੍ਰੀਸ ਦੀ ਪਾਤਰਾ ਯੂਨੀਵਰਸਿਟੀ ਵਲੋਂ ਪੰਜਾਬੀ ਭਾਸ਼ਾ ਰਾਹੀਂ ਔਰਤਾਂ ਨੂੰ ਗਰੀਕੀ ਸਿਖਾਉਣ ਦਾ ਜੋ ਕਾਰਜ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੀ ਮੀਤ ਪ੍ਰਧਾਨ ਗੁਰਪ੍ਰੀਤ ਕੌਰ ਗੈਦੂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਯੂਨਿਵਰਸਿਟੀ ਵਲੋਂ ਦਿੱਤਾ ਗਿਆ ਸੀ ਉਸਨੂੰ ਗੁਰਪ੍ਰੀਤ ਅਤੇ ਉਸਦੇ ਸਾਥੀਆਂ ਨੇ ਸਫ਼ਲਤਾ ਪੂਰਵਕ ਸੰਪੰਨ ਕਰ ਲਿਆ ਹੈ।



ਇਹ ਗੱਲ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਪੰਜਾਬੀ ਵਿੱਚ ਗ੍ਰੀਕ ਭਾਸ਼ਾ ਸਿੱਖਣ ਦਾ ਜੋ ਸੈਮੀਨਾਰ ਫਰਵਰੀ 2026 ਤੋਂ ਸ਼ੁਰੂ ਹੋਇਆ ਸੀ, ਉਸ ਦੀ ਸਮਾਪਤੀ ਪਿਛਲੇ ਦਿਨਾਂ ਵਿੱਚ ਬਹੁਤ ਧੂਮ ਧਾਮ ਨਾਲ ਹੋਈ । ਇਸ ਕਾਰਜ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪਾਤਰਾ ਯੂਨਿਵਰਸਿਟੀ ਸਮੇਤ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵਲੋਂ ਗੁਰਪ੍ਰੀਤ ਕੌਰ ਗੈਦੂ ਗ੍ਰੀਸ ਅਤੇ ਉਸਦੇ ਸਹਿਯੋਗੀ ਸਾਥੀਆਂ ਨੂੰ ਵਧਾਈ ਦਿੱਤੀ ਗਈ।ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਯੂਨੀਵਰਸਟੀ ਦੀਆਂ ਸਨਮਾਨਯੋਗ ਸ਼ਖਸ਼ੀਅਤਾਂ ਅਤੇ ਪੰਜਾਬੀ ਭਾਈਚਾਰੇ ਦਾ ਵੱਡਾ ਯੋਗਦਾਨ ਰਿਹਾ। ਇਨ੍ਹਾਂ ਖੂਬਸੂਰਤ ਪਲਾਂ ਦੇ ਸਮਾਪਤੀ ਸਮਾਗਮ ਨੂੰ ਚਾਰ ਚੰਨ ਲਾਉਣ ਲਈ ਪੰਜਾਬੀ ਅਤੇ ਗ੍ਰੀਕ ਭਾਈਚਾਰੇ ਵਲੋਂ ਨਾਚ , ਗਿੱਧਾ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ।ਵੱਡੀ ਗੱਲ ਸੀ ਕਿ ਗਰੀਸ ਦੀ ਕਿਸੇ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਸਿੱਖਿਆ, ਸਾਹਿਤ ਅਤੇ ਸਭਿਆਚਾਰ ਨੂੰ ਸਪਰਪਿਤ ਅਜਿਹਾ ਨਿਵੇਕਲਾ ਉਪਰਾਲਾ ਹੋਇਆ ,ਜਿਸ ਤੋਂ ਭਵਿੱਖ ਵਿਚ ਪੰਜਾਬੀ ਬੋਲੀ ,ਸਾਹਿਤ ਅਤੇ ਸਭਿਆਚਾਰ ਨੂੰ ਬਹੁਤ ਉਮੀਦਾਂ ਹਨ।

ਇਸ ਵਿਸ਼ੇਸ਼ ਉਪਰਾਲੇ ਲਈ ਯੂਨੀਵਰਸਿਟੀ ਦੇ ਡੀਨ, ਉਪ ਡੀਨ, ਮੈਡਮ ਪੈਗੀ ਮਨੌਲੀ, ਐਵਜੈਨੀਆ ਬਰਦੇਸੀ,ਸ਼੍ਰੀਮਾਨ ਵਸੀਲੀ ਅਤੇ ਔਲਗਾ ਦਾ ਵਿਸ਼ੇਸ਼ ਯੋਗਦਾਨ ਰਿਹਾ ।

## ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਦੇ 39ਵੇਂ ਸ਼ਹੀਦੀ ਸਮਾਗਮ 'ਤੇ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਰਿਲੀਜ਼

ਵਰਲਡ ਪੰਜਾਬੀ ਟਾਈਮਜ਼

ਜਲੰਧਰ, 3 ਜੁਲਾਈ : ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਜੀ ਦੇ 39ਵੇਂ ਸ਼ਹੀਦੀ ਸਮਾਗਮ ਦੇ ਸਬੰਧ ਵਿੱਚ ਪਿੰਡ ਧੀਰਪੁਰ (ਨੇੜੇ ਹਮੀਰਾ, ਜ਼ਿਲ੍ਹਾ ਜਲੰਧਰ) ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਲਿਖੀ ਅਤੇ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਿਤ ਕੀਤੀ ਗਈ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਪੰਥਕ ਸ਼ਖਸੀਅਤਾਂ ਅਤੇ ਸ਼ਹੀਦ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤੀ ਗਈ।






ਇਸ ਕਿਤਾਬ ਦੇ ਪੰਨਾ ਨੰਬਰ 120 'ਤੇ ਬੀਬੀ ਬਲਵਿੰਦਰ ਕੌਰ ਸੇਖੋਂ ਜੀ ਦੇ ਸਿੱਦਕੀ ਅਤੇ ਸੰਘਰਸ਼ੀ ਜੀਵਨ ਦੀ ਦਾਸਤਾਨ ਬਿਆਨ ਕੀਤੀ ਗਈ ਹੈ। ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਇਸ ਕਿਤਾਬ ਵਿੱਚ ਉਨ੍ਹਾਂ ਬੀਬੀਆਂ ਨੂੰ 'ਸਿੱਦਕੀ' ਕਹਿ ਕੇ ਦਰਸਾਇਆ ਹੈ, ਜਿਨ੍ਹਾਂ ਨੇ ਆਪਣੇ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਆਪਣੀ ਸਾਰੀ ਜ਼ਿੰਦਗੀ ਪੰਥ ਨੂੰ ਸਮਰਪਿਤ ਕਰ ਦਿੱਤੀ। ਸਰਕਾਰਾਂ ਦੇ ਭਾਰੀ ਤਸ਼ੱਦਦ ਸਹਿਣ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੇ ਸ਼ਹੀਦ ਸਿੰਘਾਂ ਦੇ ਨਾਮ ਨਾਲ ਮਾਣ ਨਾਲ ਆਪਣਾ ਜੀਵਨ ਬਸਰ ਕੀਤਾ ਅਤੇ ਉਨ੍ਹਾਂ ਦੇ ਮਾਤਾ-ਪਿਤਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਆਪਣਾ ਮੁੱਖ ਫ਼ਰਜ਼ ਸਮਝਿਆ।

ਦੱਸਣਯੋਗ ਹੈ ਕਿ ਇਹ ਕਿਤਾਬ ਹੁਣ ਤੱਕ ਪੰਜਾਬ, ਯੂ.ਕੇ., ਕੈਨੇਡਾ, ਫਰਾਂਸ (ਪੈਰਿਸ) ਅਤੇ ਬੈਲਜੀਅਮ ਵਿਖੇ ਵੱਖ-ਵੱਖ ਪੰਥਕ ਸਮਾਗਮਾਂ ਵਿੱਚ ਰਿਲੀਜ਼ ਹੋ ਚੁੱਕੀ ਹੈ। ਸੰਘਰਸ਼ੀ ਅਤੇ ਸ਼ਹੀਦ ਪਰਿਵਾਰਾਂ ਨੂੰ ਇਹ ਕਿਤਾਬ ਬਿਲਕੁਲ ਮੁਫ਼ਤ ਵੰਡੀ ਜਾ ਰਹੀ ਹੈ।

ਫੋਟੋ ਕੈਪਸ਼ਨ: ਪਿੰਡ ਧੀਰਪੁਰ ਵਿਖੇ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਰਿਲੀਜ਼ ਕਰਦੇ ਹੋਏ ਭਾਈ ਅਵਤਾਰ ਸਿੰਘ (ਸਪੁੱਤਰ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ), ਪ੍ਰਤਾਪ ਸਿੰਘ (ਧਰਮੀ ਫ਼ੌਜੀ), ਬੀਬੀ ਗੁਰਨਾਮ ਕੌਰ (ਸੁਪਤਨੀ ਸ਼ਹੀਦ ਮੇਜਰ ਸਿੰਘ), ਬੀਬੀ ਬਲਵਿੰਦਰ ਕੌਰ ਸੇਖੋਂ (ਸੁਪਤਨੀ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ), ਗੁਰਦੀਪ ਸਿੰਘ ਘਾਲਕਾਟ ਅਤੇ ਕਿਤਾਬ ਦੀ ਸੰਪਾਦਕ ਰਸ਼ਪਿੰਦਰ ਕੌਰ ਗਿੱਲ।

## ਸੀ ਪੀ ਆਈ ਵਲੋਂ 'ਬਦਲਾਅ ਜ਼ਰੂਰੀ ਹੈ' ਦੇ ਨਾਅਰੇ ਹੇਠ ਪਹਿਲੀ ਸਤੰਬਰ ਨੂੰ ਦਿੱਲੀ ਚੱਲੋ ਦਾ ਹੋਕਾ – ਫਰੀਦਕੋਟ ਵਿਖੇ ਪੋਸਟਰ ਕੀਤਾ ਜਾਰੀ

### ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਨੀਤੀਆਂ ਨੂੰ ਮੋੜਾ ਦੇਣਾ ਜ਼ਰੂਰੀ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ



ਫ਼ਰੀਦਕੋਟ 3 ਜੁਲਾਈ : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਲਈ 'ਬਦਲਾਓ ਜ਼ਰੂਰੀ ਹੈ' ਦੇ ਨਾਅਰੇ ਹੇਠ ਪਹਿਲੀ ਸਤੰਬਰ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ ਵਿੱਚ ਦੇਸ਼ ਪੱਧਰੀ ਰੈਲੀ ਕੀਤੀ ਜਾ ਰਹੀ ਹੈ ਜਿਸ ਦੀ ਤਿਆਰੀ ਅੱਜ ਤੋਂ ਹੀ ਸ਼ੁਰੂ ਕਰ ਦਿੱਤੀ ਗਈ ਹੈ। ਅੱਜ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਪਾਰਟੀ ਦੇ ਵਿੱਤ ਸਕੱਤਰ ਕਾਮਰੇਡ ਗੁਰਚਰਨ ਸਿੰਘ ਮਾਨ , ਸੁਖਜਿੰਦਰ ਸਿੰਘ ਤੂੰਬੜਭੰਨ ਜ਼ਿਲ੍ਹਾ ਪ੍ਰਧਾਨ ਅਤੇ ਜਤਿੰਦਰ ਸਿੰਘ ਜੰਡਵਾਲਾ ਜਨਰਲ ਸਕੱਤਰ ਕੁਲ ਹਿੰਦ ਕਿਸਾਨ ਸਭਾ, ਕਾਮਰੇਡ ਵੀਰ ਸਿੰਘ ਕੰਮੇਆਣਾ ਪ੍ਰਧਾਨ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ, ਇੰਦਰਜੀਤ ਸਿੰਘ ਗਿੱਲ ਅਤੇ ਚੰਦ ਸਿੰਘ ਡੋਡ ਸੀਨੀਅਰ ਟਰੇਡ ਯੂਨੀਅਨ ਆਗੂ ਏਟਕ ਅਤੇ ਬਲਕਾਰ ਸਿੰਘ ਸਹੋਤਾ ਨੇ ਦਿੱਲੀ ਰੈਲੀ ਦਾ ਪੋਸਟਰ ਜਾਰੀ ਕੀਤਾ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਦੇ ਪਿਛਲੇ 12 ਸਾਲ ਦੇ ਲੁਟੇਰੇ ਰਾਜ ਪ੍ਰਬੰਧ ਸਦਕਾ ਜਿੱਥੇ ਅਰਬਪਤੀ ਧਨ ਕੁਬੇਰ ਕਾਰਪੋਰੇਟਾਂ ਦੀ ਦੌਲਤ ਵਿੱਚ ਅਥਾਹ ਵਾਧਾ ਹੋਇਆ ਹੈ, ਉੱਥੇ ਆਮ ਮਿਹਨਤਕਸ਼ ਲੋਕਾਂ ਖਾਸ ਕਰਕੇ ਮਜ਼ਦੂਰਾਂ, ਕਿਸਾਨਾਂ ਅਤੇ ਛੋਟੇ ਦੁਕਾਨਦਾਰਾਂ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਰਸੋਈ ਗੈਸ ਤੋ ਲੈ ਕੇ ਨਿੱਤ ਵਰਤੋਂ ਦੀਆਂ ਵਸਤਾਂ ਦੀ ਮਹਿੰਗਾਈ ਨੇ ਆਮ ਲੋਕਾਂ ਦੀ ਜ਼ਿੰਦਗੀ ਮੁਹਾਲ ਕਰ ਦਿੱਤੀ ਹੈ, ਬੇਰੁਜ਼ਗਾਰੀ ਵਿੱਚ ਅੰਤਾਂ ਦਾ ਵਾਧਾ ਹੋਇਆ ਹੈ, ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਸਕੂਲਾਂ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ, ਪਿੰਡਾਂ ਦੇ ਕਰੋੜਾਂ ਗਰੀਬਾਂ ਦਾ ਪਿਛਲੇ ਵੀਹ ਸਾਲਾਂ ਤੋਂ ਸਹਾਰਾ ਸਾਬਤ ਹੋਈ ਮਨਰੇਗਾ ਸਕੀਮ ਦਾ ਭੋਗ ਪਾ ਕੇ ਨਵੀਂ ਰੁਜ਼ਗਾਰ ਸਕੀਮ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਬਾਰੇ ਮਜ਼ਦੂਰ ਜਥੇਬੰਦੀਆਂ ਨੂੰ ਗੰਭੀਰ ਖਦਸ਼ੇ ਪ੍ਰਗਟ ਕੀਤੇ ਹਨ। ਆਗੂਆਂ ਨੇ ਕਿਹਾ ਕਿ ਸਭ ਤੋਂ ਮਾੜੀ ਗੱਲ ਇਹ ਵਾਪਰੀ ਹੈ ਕਿ ਦੇਸ਼ ਦੀਆਂ ਜਾਂਚ ਏਜੰਸੀਆਂ, ਚੋਣ ਕਮਿਸ਼ਨ, ਰਿਜ਼ਰਵ ਬੈਂਕ, ਨਿਆਂ ਪਾਲਿਕਾ ਆਦਿ ਸੰਵਿਧਾਨਕ ਸੰਸਥਾਵਾਂ ਨੂੰ ਹਾਕਮ ਪਾਰਟੀ ਦੀ ਮਰਜ਼ੀ ਮੁਤਾਬਕ ਚਲਾਇਆ ਜਾ ਰਿਹਾ ਹੈ ਜਿਸ ਕਾਰਨ ਲੋਕਾਂ ਦਾ ਇਨਾਂ ਸੰਸਥਾਵਾਂ ਤੋਂ ਭਰੋਸਾ ਉਠਦਾ ਜਾ ਰਿਹਾ ਹੈ। ਰਹਿੰਦੀ ਕਸਰ ਦਲਿਤਾਂ, ਆਦਿਵਾਸੀਆਂ ਅਤੇ ਘੁੱਟ ਗਿਣਤੀਆਂ ਉਪਰ ਤਸ਼ੱਦਦ ਦੀਆਂ ਘਟਨਾਵਾਂ ਨੇ ਪੂਰੀ ਕਰ ਦਿੱਤੀ ਹੈ ਅਤੇ ਉਹ ਭੈਅ ਦੇ ਮਾਹੌਲ ਵਿੱਚ ਦਿਨ ਕਟੀ ਕਰਨ ਲਈ ਮਜਬੂਰ ਹਨ। ਆਗੂਆਂ ਨੇ ਕਿਹਾ ਕਿ ਸੀ ਪੀ ਆਈ ਦਾ ਸੌ ਸਾਲ ਦਾ ਸੰਘਰਸ਼ਾਂ ਅਤੇ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਪਾਰਟੀ ਦੇਸ਼ ਦੇ ਇਸ ਔਖੇ ਸਮੇਂ ਤਮਾਸ਼ਬੀਨਾਂ ਵਾਂਗ ਚੁੱਪ ਕਰਕੇ ਨਹੀਂ ਬੈਠੇਗੀ । ਇੰਨਾਂ ਹਾਲਤਾਂ ਵਿਚ ਹਾਂ ਪੱਖੀ ਤਬਦੀਲੀ ਲਿਆਉਣ ਲਈ ਹੀ ਪਾਰਟੀ ਦੋ ਮਹੀਨੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁਹਿੰਮ ਚਲਾਏਗੀ ਜਿਸਦਾ ਸਿਖਰ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ ਹੋ ਰਹੀ ਰੈਲੀ ਹੋਵੇਗੀ । ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਸੁੱਖਣ ਵਾਲਾ, ਗੁਰਦੀਪ ਸਿੰਘਕੰਮੇਆਣਾ , ਮੰਦਰ ਸਿੰਘ, ਤਰਲੋਕ ਸਿੰਘ ਰਾਜੋ ਵਾਲਾ, ਰਮਨਦੀਪ ਸਿੰਘ ਰਿੰਕੂ ਅਤੇ ਸੁਖਮੰਦਰ ਸਿੰਘ ਢੁੱਡੀ ਆਦਿ ਹਾਜ਼ਰ ਸਨ।